{ثُمَّ لَتُسْأَلُنَّ يَوْمَئِذٍ عَنِ النَّعِيمِ} (ਉਸ ਦਿਨ ਤੁਹਾਥੋਂ (ਰੱਬ ਵੱਲੋਂ ਦਿੱਤੀਆਂ ਗਈਆਂ) ਨਿਆਮਤਾਂ ਪ੍ਰਤੀ ਜ਼ਰੂਰ ਪੁੱਛਿਆ ਜਾਵੇਗਾ।) [ਸੂਰਤ ਤਕਾਸੁਰ : 8] ਉੱਤਰੀ

ਜ਼ੁਬੈਰ ਬਿਨ ਅੱਵਾਮ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ , ਉਹ ਕਹਿੰਦੇ ਹਨ : ਜਦੋਂ ਇਹ ਆਇਤ {ثُمَّ لَتُسْأَلُنَّ يَوْمَئِذٍ عَنِ النَّعِيمِ} (ਉਸ ਦਿਨ ਤੁਹਾਥੋਂ (ਰੱਬ ਵੱਲੋਂ ਦਿੱਤੀਆਂ ਗਈਆਂ) ਨਿਆਮਤਾਂ ਪ੍ਰਤੀ ਜ਼ਰੂਰ ਪੁੱਛਿਆ ਜਾਵੇਗਾ।) [ਸੂਰਤ ਤਕਾਸੁਰ : 8] ਉੱਤਰੀ , ਜ਼ੁਬੈਰ (ਰਜ਼ੀਅੱਲਾਹੁ ਅਨਹੁ) ਨੇ ਪੁੱਛਿਆ : ਹੇ ਅੱਲਾਹ ਦੇ ਰਸੂਲ ! ਸਾਡੇ ਕੋਲੋਂ ਕਿਸ ਨਿਮਤ (ਭਾਵ ਮਿਹਰ) ਬਾਰੇ ਪੁੱਛਿਆ ਜਾਵੇਗਾ ? ਸਾਡੇ ਕੋਲ ਤਾਂ ਸਿਰਫ ਦੋ ਹੀ ਕਾਲੀਆਂ ਚੀਜ਼ਾਂ ਹਨ — ਖਜੂਰ ਅਤੇ ਪਾਣੀ। ਇਹ ਸੁਣ ਕੇ ਆਪ ਨੇ ਫਰਮਾਇਆ: "ਵੇਖੋ , ਤੁਹਾਡੇ ਕੋਲੋਂ ਸਵਾਲ ਤਾਂ ਪੁੱਛਿਆ ਹੀ ਜਾਵੇਗਾ। "

[حسن] [رواه الترمذي وابن ماجه]

ਜਦੋਂ ਇਹ ਆਇਤ ਉੱਤਰੀ : {ثم لتسألن يومئذ عن النعيم} ਭਾਵ ਅੱਲਾਹ ਨੇ ਤੁਹਾਨੂੰ ਜੋ ਨਿਮਤਾਂ (ਮਿਹਰਾਂ) ਬਖਸ਼ੀਆਂ ਹਨ, ਤੁਹਾਡੇ ਤੋਂ ਉਨ੍ਹਾਂ ਦਾ ਸ਼ੁਕਰ ਕਰਨ ਜਾਂ ਨਾ ਕਰਨ ਬਾਰੇ ਜ਼ਰੂਰ ਪੁੱਛਿਆ ਜਾਵੇਗਾ ; ਤਾਂ ਜ਼ੁਬੈਰ ਬਿਨ ਅੱਵਾਮ (ਰਜ਼ੀਅੱਲਾਹੁ ਅਨਹੁ) ਨੇ ਪੁੱਛਿਆ ਕਿ ਹੇ ਅੱਲਾਹ ਦੇ ਰਸੂਲ ! ਸਾਡੇ ਕੋਲੋਂ ਭਲਾ ਕਿਸ ਨਿਆਮਤ ਬਾਰੇ ਪੁੱਛਿਆ ਜਾਵੇਗਾ ? ਸਾਡੇ ਕੋਲ ਤਾਂ ਦੋ ਹੀ ਨਿਮਤਾਂ ਹਨ , ਜੋ ਇਸ ਲਾਇਕ ਨਹੀਂ ਹਨ ਕਿ ਉਨ੍ਹਾਂ ਬਾਰੇ ਪੁੱਛਿਆ ਜਾਵੇ। ਸਾਡੇ ਕੋਲ ਤਾਂ ਕੇਵਲ ਖਜੂਰ ਅਤੇ ਪਾਣੀ ਹੀ ਹਨ ! ਇਸ ਦੇ ਜਵਾਬ ਵਿੱਚ ਅੱਲਾਹ ਦੇ ਨਬੀ ਨੇ ਫਰਮਾਇਆ: ਤੁਸੀਂ ਜਿਸ ਹਾਲਤ ਵਿੱਚ ਹੋ , ਉਹ ਆਪਣੀ ਜਗ੍ਹਾ , ਲੇਕਿਨ ਇਸ ਦੇ ਬਾਵਜੂਦ ਤੁਹਾਡੇ ਕੋਲੋਂ ਨਿਮਤਾਂ ਬਾਰੇ ਪੁੱਛਿਆ ਜਾਵੇਗਾ। ਕਿਉਂਕਿ ਇਹ ਦੋਵੇਂ ਨਿਮਤਾਂ ਵੀ ਅੱਲਾਹ ਦੀਆਂ ਦੋ ਵੱਡੀਆਂ ਨਿਮਤਾਂ ਹਨ।

http://sunnah.global/hadeeth/pa/show/65075